# ਬਜ਼ੁਰਗ ਲੋਕਾਂ ਦੇ ਮਾਲੀ ਮਸਲਿਆਂ ਬਾਰੇ ਤੁਹਾਡੇ ਲਈ ਜਾਣਕਾਰੀ

The Law Society

## ਆਪਣੇ ਭਵਿੱਖ ਦੀ ਸੰਭਾਲ ਕਰਨਾ

ਆਪਣੇ ਪੈਸਿਆਂ ਅਤੇ ਕੰਮਾਂ ਦੀ ਸੰਭਾਲ ਕਰਨ ਦਾ ਹੱਕ ਹਰ ਬਾਲਿਗ਼ ਵਿਅਕਤੀ ਨੂੰ ਹੁੰਦਾ ਹੈ। ਪਰ ਕਦੇ ਕਦੇ ਉਮਰ ਵਧਣ ਨਾਲ ਸਾਡੀ ਇਹ ਯੋਗਤਾ ਘਟ ਜਾਂਦੀ ਹੈ। ਭਾਵੇਂ ਅਜਿਹਾ ਕਿਸੇ ਬੀਮਾਰੀ, ਨਿਰਯੋਗਤਾ, ਜਾਂ ਦੁਰਘਟਨਾ ਕਾਰਣ ਹੋਵੇ, ਪਰ ਇਹਦੇ ਲਈ ਤਿਆਰ ਹੋਣ ਲਈ ਤੁਸੀਂ ਕਈ ਕੰਮ ਕਰ ਸਕਦੇ ਹੋ।

ਜੇ ਤੁਸੀਂ ਜਾਂ ਤੁਹਾਡਾ ਕੋਈ ਨਜ਼ਦੀਕੀ ਵਿਅਕਤੀ ਇਸ ਹਾਲਤ ਵਿਚੋਂ ਗੁਜ਼ਰ ਰਿਹਾ ਹੈ, ਤਾਂ ਤੁਸੀਂ ਕਾਨੂੰਨੀ ਸਲਾਹ ਲੈਣ ਬਾਰੇ ਵਿਚਾਰ ਕਰੋ। ਕੋਈ ਸੋਲਿਸਟਰ ਤੁਹਾਨੂੰ ਆਪਣੇ ਕੰਮਾਂ ਨੂੰ ਸਹੀ ਕਰਨ ਅਤੇ ਤੁਹਾਡੀਆਂ ਭਵਿੱਖ ਦੀਆਂ ਇੱਛਾਵਾਂ ਨੂੰ ਜ਼ਾਹਿਰ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ। ਇਹਨਾਂ ਕੰਮਾਂ ਵਿਚ ਵਸੀਅਤ ਲਿਖਣ ਤੋਂ ਲੈ ਕੇ ਪਾਵਰ ਆਵ ਅਟੌਰਨੀ (ਤੁਹਾਡੀ ਥਾਂ 'ਤੇ ਕੰਮ ਕਰਨ ਦਾ ਕਾਨੂੰਨੀ ਇਖ਼ਤਿਆਰ) ਦੇਣ ਲਈ ਕੋਈ ਵਿਅਕਤੀ ਚੁਣਨ ਤਕ ਦੇ ਕੰਮ ਸ਼ਾਮਿਲ ਹੋ ਸਕਦੇ ਹਨ - ਜੇ ਇਸ ਕੰਮ ਦੀ ਲੋੜ ਹੋਵੇ।

ਇਹਦੇ ਨਾਲ ਕਿਸੇ ਅਜਿਹੇ ਰਿਸ਼ਤੇਦਾਰ ਜਾਂ ਦੇਖਭਾਲ ਕਰਨ ਵਾਲੇ ਦਾ ਬੋਝ ਹਲਕਾ ਹੋ ਸਕਦਾ ਹੈ ਜਿਹਦੇ ਲਈ ਤੁਹਾਡੇ ਵਲੋਂ ਫ਼ੈਸਲੇ ਕਰਨਾ ਮੁਸ਼ਕਿਲ ਕੰਮ ਹੋ ਸਕਦਾ ਹੈ।

ਜਿੱਥੇ ਸਾਵਧਾਨੀ ਵਾਲੇ ਇਹ ਕੰਮ ਕਰਨ ਲਈ ਕਾਫ਼ੀ ਸਮਾਂ ਨਾ ਹੋਵੇ, ਜਾਂ ਜੇ ਉਹ ਵਿਅਕਤੀ ਪਹਿਲਾਂ ਹੀ 'ਅਸਮਰਥ' (ਆਪਣੇ ਮਾਲੀ ਕੰਮਾਂ ਨੂੰ ਸੰਭਾਲ ਦੇ ਅਯੋਗ) ਹੋ ਚੁੱਕਿਆ ਹੈ, ਤਾਂ ਆਮ ਤੌਰ 'ਤੇ ਉਹਦੇ ਕਿਸੇ ਰਿਸ਼ਤੇਦਾਰ ਨੂੰ ਸਲਾਹ ਦੀ ਲੋੜ ਹੁੰਦੀ ਹੈ। ਇਹਨਾਂ ਹਾਲਤਾਂ ਵਿਚ, ਕਈ ਕੰਮਾਂ ਵਿਚੋਂ ਕੋਈ ਇਕ ਚੁਣਿਆ ਜਾ ਸਕਦਾ ਹੈ। ਇਕ ਕੰਮ ਹੈ ਕੋਰਟ ਆੱਫ਼ ਪ੍ਰੋਟੈਕਸ਼ਨ ਨਾਲ ਨਾਲ ਸੰਪਰਕ ਕਰਨਾ, ਜੋ ਉਸ ਵਿਅਤਕੀ ਦੇ ਮਾਲੀ ਕੰਮਾਂ ਨੂੰ ਸੰਭਾਲਣ ਦਾ ਪ੍ਰਬੰਧ ਕਰਵਾ ਸਕਦੀ ਹੈ। ਸੋਲਿਸਟਰ ਤੁਹਾਨੂੰ ਦੱਸ ਸਕਦਾ ਹੈ ਕਿ ਤੁਹਾਡੇ ਲਈ ਸਭ ਤੋਂ ਚੰਗਾ ਕੰਮ ਕਿਹੜਾ ਹੈ।

## ਸੋਲਿਸਟਰ ਲੱਭਣਾ

ਜੇ ਤੁਹਾਡਾ ਕੋਈ ਸੋਲਿਸਟਰ ਨਹੀਂ ਹੈ, ਤਾਂ ਤੁਸੀਂ ਆਪਣੇ ਇਲਾਕੇ ਦੇ ਸੋਲਿਸਟਰਾਂ ਬਾਰੇ ਜਾਣਕਾਰੀ ਲੈਣ ਲਈ ਸਾਡੀ ਇਸ ਵੈੱਬਸਾਈਟ 'ਤੇ ਜਾਓ - www.lawsociety.org.uk/findasolicitor ਜਾਂ ਸਾਨੂੰ ਨੰਬਰ 0870 606 2555 'ਤੇ ਫ਼ੋਨ ਕਰੋ।

## ਸੋਲਿਸਟਰ ਨੂੰ ਕਿਹਨਾਂ ਗੱਲਾਂ ਬਾਰੇ ਪਤਾ ਹੋਣਾ ਚਾਹੀਦਾ ਹੈ -

ਜੇ ਗਾਹਕ ਤੁਸੀਂ ਹੋ, ਤਾਂ ਸੋਲਿਸਟਰ ਨੂੰ ਇਹਨਾਂ ਗੱਲਾਂ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ -

- ਕੀ ਤੁਸੀਂ ਵਸੀਅਤ ਲਿਖੀ ਹੈ ਜਾਂ ਨਹੀਂ;
- ਜੇ ਲੋੜ ਪਈ ਤਾਂ ਤੁਸੀਂ ਆਪਣੇ ਕੰਮਾਂ ਦੀ ਸੰਭਾਲ ਕਰਨ ਲਈ ਕਿਹਨੂੰ ਚੁਣੋਗੇ;
- ਤੁਹਾਡਾ ਮਾਲ ਜਾਇਦਾਦ ਅਤੇ ਆਮਦਨ ਕਿੰਨੀ ਹੈ;
- ਕੀ ਤੁਹਾਡੀਆਂ ਕੋਈ ਖ਼ਾਸ ਇੱਛਾਵਾਂ ਹਨ ਕਿ ਤੁਹਾਡੇ ਮਾਲ ਜਾਇਦਾਦ ਅਤੇ ਪੈਸਿਆਂ ਦੀ ਸੰਭਾਲ ਕਿਸ ਤਰ੍ਹਾਂ ਕੀਤੀ ਜਾਏ; ਅਤੇ
- ਕੀ ਤੁਹਾਡੀ ਸਿਹਤ ਨਾਲ ਸੰਬੰਧਤ ਕੋਈ ਖ਼ਾਸ ਗੱਲ ਹੈ? (ਜੇ ਇਹ ਗੱਲ ਹੈ ਤਾਂ ਉਹਨਾਂ ਨੂੰ ਤੁਹਾਡੇ ਡਾਕਟਰ ਨਾਲ ਗੱਲ ਕਰਨੀ ਪਏਗੀ)।

ਜੇ ਤੁਸੀਂ ਕਿਸੇ ਬਜ਼ੁਰਗ ਲਈ ਸਲਾਹ ਲੈ ਰਹੇ ਹੋ, ਤਾਂ ਸੋਲਿਸਟਰ ਨੂੰ ਪਹਿਲਾਂ ਉਸ ਬਜ਼ੁਰਗ ਕੋਲੋਂ ਇਹ ਪੱਤਾ ਪਤਾ ਕਰਨਾ ਪਏਗਾ ਕਿ ਕੀ ਉਹ ਸੋਲਿਸਟਰ ਨੂੰ ਆਖ ਕੇ ਉਹਦੇ ਕੋਲੋਂ ਲੋੜੀਂਦੀ ਜਾਣਕਾਰੀ ਲੈਣਾ ਚਾਹੁੰਦਾ ਜਾਂ ਚਾਹੁੰਦੀ ਹੈ? ਜਦ ਸੋਲਿਸਟਰ ਨੂੰ ਜਾਣਕਾਰੀ ਬਾਰੇ ਵਿਚਾਰ ਕਰਨ ਦਾ ਮੌਕਾ ਮਿਲ ਜਾਏ ਤਾਂ ਉਹ ਤੁਹਾਨੂੰ ਸਮਝਾ ਸਕਦਾ ਹੈ ਕਿ ਕਿਹੜੇ ਕੰਮਾਂ ਵਿਚੋਂ ਤੁਸੀਂ ਚੋਣ ਕਰ ਸਕਦੇ ਹੋ। ਇਹ ਕੰਮ ਹਨ:

## ਆਮ ਪਾਵਰ ਆੱਵ ਅਟੌਰਨੀ (ਆਮ ਮੁਖ਼ਤਾਰਨਾਮਾ)

ਇਹ ਕਾਨੂੰਨੀ ਢੰਗ ਹੈ ਜਿਹਦੇ ਨਾਲ ਤੁਸੀਂ ਕਿਸੇ ਨੂੰ ਇਖ਼ਤਿਆਰ ਦੇ ਸਕਦੇ ਹੋ ਕਿ ਉਹ ਤੁਹਾਡੇ ਮਾਲੀ ਕੰਮਾਂ ਨੂੰ ਉਸ ਵੇਲੇ ਸੰਭਾਲੇ ਜਦ ਇਹ ਕੰਮ ਸੰਭਾਲਣਾ ਤੁਹਾਡੇ ਲਈ ਮੁਸ਼ਕਿਲ ਹੋ ਸਕਦਾ ਹੈ, ਸ਼ਾਇਦ ਕਿਸੇ ਸਰੀਰਕ ਨਿਰਯੋਗਤਾ ਕਾਰਨ। ਆਮ ਤੌਰ 'ਤੇ ਤੁਸੀਂ ਇਹ ਕੰਮ ਕਿਸੇ ਅਜਿਹੇ ਵਿਅਕਤੀ ਨੂੰ ਸੰਭਾਲਦੇ ਹੋ ਜਿਹਦੇ 'ਤੇ ਤੁਹਾਨੂੰ ਭਰੋਸਾ ਹੋਵੇ, ਜਿਵੇਂ ਕੋਈ ਨਜ਼ਦੀਕੀ ਰਿਸ਼ਤੇਦਾਰ, ਦੋਸਤ ਜਾਂ ਕੋਈ ਸੋਲਿਸਟਰ ਤੁਹਾਡਾ 'ਅਟੌਰਨੀ' ਬਣ ਸਕਦਾ ਹੈ। ਕੋਈ ਵੀ ਵਿਅਕਤੀ ਅਟੌਰਨੀ ਵਾਲੇ ਇਖ਼ਤਿਆਰ 'ਲੈ' ਨਹੀਂ ਸਕਦਾ। ਇਹ ਇਖ਼ਤਿਆਰ ਤੁਹਾਨੂੰ ਆਪਣੀ ਮਰਜ਼ੀ ਨਾਲ 'ਦੇਣੇ' ਪੈਂਦੇ ਹਨ। ਇਖ਼ਤਿਆਰ ਦੇਣ ਵਾਲਾ/ਵਾਲੀ ਫ਼ੈਸਲਾ ਕਰਦਾ/ਕਰਦੀ ਹੈ ਕਿ ਉਹ ਕਿਹਨੂੰ ਅਟੌਰਨੀ ਬਣਾਏ, ਅਤੇ ਉਹ ਕਿਸੇ ਵੇਲੇ ਵੀ ਇਸ ਪ੍ਰਬੰਧ ਨੂੰ ਰੱਦ ਕਰ ਸਕਦਾ/ਸਕਦੀ ਹੈ।

ਪਾਵਰ ਆੱਵ ਅਟੌਰਨੀ ਤਦ ਹੀ ਲਾਗੂ ਹੋ ਸਕਦੀ ਹੈ ਜੇ ਤੁਹਾਨੂੰ ਪਤਾ ਹੋਵੇ ਕਿ ਇਸ ਪ੍ਰਬੰਧ ਦਾ ਅਰਥ ਕੀ ਹੈ। ਜੇ ਤੁਸੀਂ ਮਾਨਸਿਕ ਤੌਰ 'ਤੇ ਆਪਣੇ ਮਾਲੀ ਕੰਮਾਂ ਨੂੰ ਸੰਭਾਲਣ ਦੇ ਅਯੋਗ ਹੋ ਜਾਓ ਤਾਂ ਪਾਵਰ ਆੱਵ ਅਟਾਰਿਨੀ ਖ਼ਤਮ ਹੋ ਜਾਏਗੀ।

## ਲਾਸਟਿੰਗ ਪਾਵਰ ਆੱਵ ਅਟੌਰਨੀ (ਪੱਕਾ ਮੁਖ਼ਤਾਰਨਾਮਾ)

ਲਾਸਟਿੰਗ ਜਾਂ ਪੱਕੀ ਪਾਵਰ ਆੱਵ ਅਟੌਰਨੀ ਆਮ ਪਾਵਰ ਆੱਵ ਅਟੌਰਨੀ ਤੋਂ ਇਕ ਕਦਮ ਅਗਾਂਹ ਜਾਂਦੀ ਹੈ, ਕਿਉਂਕਿ ਇਹ ਪੱਕੀ ਜਾਂ 'ਚਲਦੀ ਰਹਿਣ ਵਾਲੀ' ਹੁੰਦੀ ਹੈ, ਉਸ ਵੇਲੇ ਵੀ ਜਦ ਤੁਸੀਂ ਕਿਸੇ ਰੋਗ, ਨਿਰਯੋਗਤਾ ਜਾਂ ਦੁਰਘਟਨਾ ਕਾਰਣ ਆਪਣੇ ਕੰਮਾਂ ਨੂੰ ਸੰਭਾਲਣ ਦੇ ਅਯੋਗ ਹੋ ਜਾਂਦੇ ਹੋ - ਥੋੜ੍ਹੀ ਦੇਰ ਲਈ ਜਾਂ ਸਦਾ ਲਈ। ਲਾਸਟਿੰਗ ਪਾਵਰ ਆੱਵ ਅਟੌਰਨੀ ਨੇ ਹੁਣ ਐਨਡਿਉਰਿੰਗ ਪਾਵਰ ਆੱਵ ਅਟੌਰਨੀ ਦੀ ਥਾਂ ਲੈ ਲਈ ਹੈ, ਪਰ 1 ਅਕਤੂਬਰ 2007 ਤੋਂ ਪਹਿਲਾਂ ਦਿੱਤੀ ਹਰ ਜਾਇਜ਼ ਐਨਡਿਉਰਿੰਗ ਪਾਵਰ ਆੱਵ ਅਟੌਰਨੀ ਚਲਦੀ ਰਹੇਗੀ। ਪਰ 1 ਅਕਤੂਬਰ 2007 ਤੋਂ ਬਾਅਦ ਕੋਈ ਨਵੀਂ ਐਨਡਿਉਰਿੰਗ ਪਾਵਰ ਆੱਵ ਅਟੌਰਨੀ ਨਹੀਂ ਦਿੱਤੀ ਜਾ ਸਕਦੀ।

ਲਾਸਟਿੰਗ ਪਾਵਰ ਆੱਵ ਅਟੌਰਨੀ ਤਦ ਜਾਇਜ਼ ਮੰਨੀ ਜਾਂਦੀ ਹੈ ਜੇ ਇਹ ਪਾਵਰ ਦੇਣ ਵੇਲੇ ਤੁਸੀਂ ਇਸ ਪ੍ਰਬੰਧ ਦੇ ਅਰਥ ਪੂਰੀ ਤਰ੍ਹਾਂ ਸਮਝਦੇ ਹੋਵੋ। ਸਰਟੀਫ਼ਿਕੇਟ ਦੇਣ ਵਾਲੇ/ਵਾਲੀ ਨੂੰ ਇਕ ਸਰਟੀਫ਼ਿਕੇਟ 'ਤੇ ਦਸਤਖ਼ਤ ਕਰਨੇ ਪੈਂਦੇ ਹਨ ਜਿਹਦੇ 'ਤੇ ਇਹ ਲਿਖਿਆ ਹੁੰਦਾ ਹੈ ਕਿ ਤੁਸੀਂ ਇਸ ਪ੍ਰਬੰਧ ਦੇ ਅਰਥ ਨੂੰ ਸਮਝਦੇ ਹੋ ਅਤੇ ਲਾਸਟਿੰਗ ਪਾਵਰ ਆੱਵ ਅਟੌਰਨੀ ਦੇਣ ਲਈ ਤੁਹਾਨੂੰ ਕੋਈ ਮਜਬੂਰ ਨਹੀਂ ਕਰ ਰਿਹਾ। (ਸਰਟੀਫ਼ਿਕੇਟ ਦੇਣ ਵਾਲਾ/ਵਾਲੀ ਉਹ ਹੁੰਦਾ/ਹੁੰਦੀ ਹੈ ਜੋ ਤੁਹਾਨੂੰ ਘੱਟੋ ਘੱਟ ਦੋ ਸਾਲਾਂ ਤੋਂ ਜਾਣਦਾ/ਜਾਣਦੀ ਹੈ ਅਤੇ ਜਿਹਦੇ ਕੋਲ ਇਹ ਪਛਾਣ ਕਰਨ ਦੀ ਖ਼ਾਸ ਮਹਾਰਤ ਹੁੰਦੀ ਹੈ ਕਿ ਕੀ ਕਿਸੇ ਵਿਅਕਤੀ ਦੀ ਯੋਗਤਾ ਖ਼ਤਮ ਹੋ ਗਈ ਹੈ)। ਜੇ ਅਟੌਰਨੀ ਨੂੰ ਕਿਸੇ ਵਿਅਕਤੀ ਦੇ ਮਾਲ ਜਾਇਦਾਦ ਅਤੇ ਪੈਸਿਆਂ ਦੀ ਸੰਭਾਲ ਕਰਨ ਦੀ ਜ਼ਿੰਮੇਦਾਰੀ ਸੰਭਾਲਣੀ ਹੈ ਤਾਂ ਇਹ ਲਾਜ਼ਮੀ ਹੈ ਕਿ ਉਹਦੀ ਉਮਰ ਘੱਟੋ ਘੱਟ 18 ਸਾਲ ਹੋਵੇ ਅਤੇ ਉਹ ਦੀਵਾਲੀਆ ਨਾ ਹੋਵੇ। ਕਿਸੇ ਇਕ ਵੇਲੇ ਇਕ ਤੋਂ ਵੱਧ ਅਟੌਰਟਨੀ ਬਣਾਏ ਜਾ ਸਕਦੇ ਹਨ।

ਤੁਹਾਡੀ ਅਟੌਰਨੀ ਤਦ ਤਕ ਸ਼ੁਰੂ ਨਹੀਂ ਹੋ ਸਕਦੀ ਜਦ ਤਕ ਇਹ ਆਫ਼ਿਸ ਆੱਫ਼ ਪਬਲਿਕ ਗਾਰਡੀਅਨ ਕੋਲ ਰਜਿਸਟਰ ਨਾ ਹੋਵੇ, ਜੋ ਇਹ ਯਕੀਨੀ ਬਣਾਉਣਗੇ ਕਿ ਤੁਹਾਡੇ ਅਟੌਰਨੀ ਨੂੰ ਆਪਣੀਆਂ ਜ਼ਿੰਮੇਦਾਰੀਆਂ ਦਾ ਪਤਾ ਹੋਵੇ ਅਤੇ ਉਹ ਵੱਧ ਤੋਂ ਵੱਧ ਤੁਹਾਡੇ ਹਿਤ ਵਿਚ ਕੰਮ ਕਰੇ। ਆਫ਼ਿਸ ਆੱਫ਼ ਪਬਲਿਕ ਗਾਰਡੀਅਨ ਲਾਸਟਿੰਗ ਪਾਵਰ ਆੱਵ ਅਟੌਰਨੀ ਨੂੰ ਰਜਿਸਟਰ ਕਰਨ ਦੀ ਫ਼ੀਸ ਲਏਗਾ।

### ਨਿਜੀ ਅਤੇ ਭਲਾਈ ਬਾਰੇ ਫ਼ੈਸਲੇ

ਇਕ ਵੱਖਰੀ ਲਾਸਟਿੰਗ ਪਾਵਰ ਆੱਵ ਅਟੌਰਨੀ ਰਾਹੀਂ ਤੁਹਾਡੇ ਅਟੌਰਨੀ ਨੂੰ ਇਖ਼ਤਿਆਰ ਦਿੱਤਾ ਜਾ ਸਕਦਾ ਹੈ ਕਿ ਜੇ ਆਉਣ ਵਾਲੇ ਸਮੇਂ ਵਿਚ ਤੁਸੀਂ ਆਪਣੀ ਨਿਹੀ ਭਲਾਈ ਅਤੇ ਡਾਕਟਰੀ ਇਲਾਜ ਬਾਰੇ ਫ਼ੈਸਲੇ ਖ਼ੁਦ ਕਰਨ ਦੇ ਅਯੋਗ ਹੋ ਜਾਓ ਤਾਂ ਤੁਹਾਡੇ ਵਲੋਂ ਇਹ ਫ਼ੈਸਲੇ ਤੁਹਾਡਾ ਅਟੌਰਨੀ ਕਰ ਸਕੇ।

ਲਾਸਟਿੰਗ ਪਾਵਰ ਆੱਵ ਅਟੌਰਨੀ ਸਹੀ ਢੰਗ ਨਾਲ ਤਿਆਰ ਕਰਵਾਉਣ, ਰਜਿਸਟਰ ਕਰਵਾਉਣ ਅਤੇ ਇਹਨੂੰ ਯਕੀਨੀ ਤੌਰ 'ਤੇ ਅਥਾਰਿਟੀ ਦੇਣ ਵਾਲੇ ਦੇ ਵੱਧ ਤੋਂ ਵੱਧ ਹਿਤ ਵਿਚ ਰੱਖਣ ਦਾ ਸਭ ਤੋਂ ਚੰਗਾ ਢੰਗ ਕਿਸੇ ਸੋਲਿਸਟਰ ਤੋਂ ਸਲਾਹ ਲੈਣਾ ਹੈ।

## ਕੋਰਟ ਆੱਫ਼ ਪ੍ਰੋਟੈਕਸ਼ਨ

ਜੇ ਕੋਈ ਵਿਅਕਤੀ ਕਿਸੇ ਨੂੰ ਪੱਕਾ ਮੁਖ਼ਤਾਰਨਾਮਾ ਦਿੱਤੇ ਬਿਨਾਂ ਮਾਨਸਿਕ ਤੌਰ 'ਤੇ ਅਸਮਰਥ ਹੋ ਜਾਏ, ਅਤੇ ਇਹ ਫ਼ੈਸਲਾ ਗ਼ੈਰ-ਰਸਮੀ ਢੰਗ ਨਾਲ ਨਾ ਕੀਤਾ ਜਾ ਸਕੇ, ਤਾਂ ਇਹ ਮੁਆਮਲਾ ਕੋਰਟ ਆੱਫ਼ ਪ੍ਰੋਟੈਕਸ਼ਨ ਕੋਲ ਲਿਆਂਦਾ ਜਾ ਸਕਦਾ ਹੈ। ਅਦਾਲਤ ਇਹ ਫ਼ੈਸਲਾ ਉਸ ਵਿਅਕਤੀ ਵਲੋਂ ਖ਼ੁਦ ਕਰ ਸਕਦੀ ਹੈ, ਜਾਂ ਫਿਰ ਇਹ ਅਦਾਲਤ ਉਸ ਵਿਅਕਤੀ ਦੇ ਫ਼ੈਸਲੇ ਕਰਨ ਲਈ ਕਿਸੇ ਵਿਅਕਤੀ ਨੂੰ ਮੁਕੱਰਰ ਕਰ ਦਿੰਦੀ ਹੈ, ਜਿਹਨੂੰ 'ਡਿਪਟੀ' ਆਖਿਆ ਜਾਂਦਾ ਹੈ। ਜੇ ਅਦਾਲਤ ਕਿਸੇ ਦੇ ਮਾਲ ਜਾਇਦਾਦ ਅਤੇ ਮਾਲੀ ਕੰਮਾਂ ਨੂੰ ਲਗਾਤਾਰ ਚਲਾਉਣ ਲਈ ਕੋਈ ਡਿਪਟੀ ਮੁਕੱਰਰ ਕਰੇ ਤਾਂ ਡਿਪਟੀ ਨੂੰ ਹਿਸਾਬ ਕਿਤਾਬ ਰੱਖਣ, ਸੈਕਿਉਰਿਟੀ ਬੌਂਡ ਭਰਨ, ਅਤੇ ਆਫ਼ਿਸ ਆੱਵ ਦ ਪਬਲਿਕ ਗਾਰਡੀਅਨ ਕੋਲ ਰਿਪੋਰਟ ਪੇਸ਼ ਕਰਨ ਦਾ ਕੰਮ ਕਰਨਾ ਪੈਂਦਾ ਹੈ। ਕੋਰਟ ਆੱਫ਼ ਪ੍ਰੋਟੈਕਸ਼ਨ ਇਕ ਵਾਰ ਫ਼ੀਸ ਲੈਂਦੀ ਹੈ ਅਤੇ ਆਫ਼ਿਸ ਆੱਵ ਦ ਪਬਲਿਕ ਗਾਰਡੀਅਨ ਡਿਪਟੀ ਦੇ ਕੰਮ ਦੀ ਨਿਗਰਾਨੀ ਕਰਨ ਦਾ ਖ਼ਰਚ ਪੂਰਾ ਕਰਨ ਲਈ ਸਾਲਾਨਾ ਫ਼ੀਸ ਲੈਂਦਾ ਹੈ।

# ਬਜ਼ੁਰਗ ਲੋਕਾਂ ਦੇ ਮਾਲੀ ਮਸਲਿਆਂ ਬਾਰੇ ਤੁਹਾਡੇ ਲਈ ਜਾਣਕਾਰੀ

The Law Society

## ਅਪੁਆਇੰਟੀਸ਼ਿਪ

ਜੇ ਅਸਮਰਥ ਹੋ ਗਏ ਵਿਅਕਤੀ ਨੂੰ ਰਿਟਾਇਰਮੈਂਟ ਪੈਨਸ਼ਨ ਜਾਂ ਹੋਰ ਸਰਕਾਰੀ ਬੈਨੀਫ਼ਿਟ ਲੈਣ ਦਾ ਹੱਕ ਹੈ, ਤਾਂ ਡਿਪਾਰਟਮੈਂਟ ਔਫ ਵਰਕ ਐਂਡ ਪੈਨਸ਼ਨਜ਼ ਉਸ ਵਿਅਕਤੀ ਲਈ ਇਹ ਬੈਨੀਫ਼ਿਟ ਲੈਣ ਦਾ ਕੰਮ ਕਿਸੇ 'ਅਪੁਆਇੰਟੀ' ਦੇ ਜ਼ਿੰਮੇ ਲਾ ਸਕਦਾ ਹੈ। ਇਹ ਅਪੁਆਇੰਟੀ ਕੋਈ ਰਿਸ਼ਤੇਦਾਰ, ਦੋਸਤ ਜਾਂ ਦੇਖਭਾਲ ਕਰਨ ਵਾਲਾ ਕਰਮਚਾਰੀ (ਜਿਵੇਂ ਲੋਕਲ ਅਥਾਰਿਟੀ ਦੇ ਸੋਸ਼ਲ ਸਰਵਿਸਿਜ਼ ਮਹਿਕਮੇ ਦਾ ਕੋਈ ਕਰਮਚਾਰੀ) ਹੋ ਸਕਦਾ ਹੈ, ਜਿਹਦੇ ਕੋਲੋਂ ਉਸ ਵਿਅਕਤੀ ਦੀ ਅਸਮਰਥਤਾ ਦਾ ਕੋਈ ਸਬੂਤ ਮੰਗਿਆ ਜਾਏਗਾ, ਜਿਵੇਂ ਡਾਕਟਰ ਦਾ ਨੋਟ। ਇਸ ਸੇਵਾ ਦੇ ਕੋਈ ਪੈਸੇ ਨਹੀਂ ਲਗਦੇ।

## ਹੋਰ ਮਾਲੀ ਮਸਲੇ

ਸੋਲਿਸਟਰ ਹੋਰ ਬਹੁਤ ਸਾਰੇ ਮਾਲੀ ਮਸਲਿਆਂ ਬਾਰੇ ਸਲਾਹ ਦੇ ਸਕਦਾ ਹੈ ਜਿਹਨਾਂ ਦਾ ਅਸਰ ਬਜ਼ੁਰਗ ਲੋਕਾਂ 'ਤੇ ਪੈਂਦਾ ਹੈ। ਮਿਸਾਲ ਵਜੋਂ -

- ਐਕੁਇਟੀ-ਰਿਲੀਜ਼ ਸਕੀਮਾਂ, ਜਿਹਨਾਂ ਰਾਹੀਂ ਤੁਸੀਂ ਆਪਣੇ ਘਰ ਵਿਚ ਲੱਗੇ ਹੋਏ ਕੁਝ ਪੈਸੇ ਕੱਢ ਸਕਦੇ ਹੋ;
- ਲੰਮੇ ਸਮੇਂ ਦੀ ਦੇਖਭਾਲ ਲਈ ਪੈਸਿਆਂ ਦਾ ਪ੍ਰਬੰਧ;
- ਵਸੀਅਤ ਰਾਹੀਂ ਮਰਨ ਮਗਰੋਂ ਜਾਇਦਾਦ ਦਾ ਪ੍ਰਬੰਧ ਜਾਂ ਜੀਉਂਦਿਆਂ ਤੋਹਫ਼ੇ ਦੇਣਾ; ਜਾਂ
- ਜੇ ਤੁਹਾਨੂੰ ਸ਼ੱਕ ਹੋਵੇ ਕਿ ਕਿਸੇ ਬਜ਼ੁਰਗ ਦੇ ਪੈਸਿਆਂ ਦੀ ਦੁਰਵਰਤੋਂ ਹੋ ਰਹੀ ਹੈ।

## ਖ਼ਰਚ

ਵੱਖ ਵੱਖ ਸੋਲਿਸਟਰਾਂ ਦੀ ਫ਼ੀਸ ਵੱਖ ਵੱਖ ਹੋ ਸਕਦੀ ਹੈ, ਜੋ ਤੁਹਾਡੇ ਹਾਲਾਤ 'ਤੇ ਅਤੇ ਇਸ ਗੱਲ 'ਤੇ ਨਿਰਭਰ ਹੋਏਗੀ ਕਿ ਕਿੰਨੀ ਕੁ ਸਲਾਹ ਅਤੇ ਮਦਦ ਦੀ ਲੋੜ ਹੈ। ਸੋਲਿਸਟਰਾਂ ਦੀ ਕਿਸੇ ਖ਼ਾਸ ਫ਼ਰਮ ਨੂੰ ਚੁਣਨ ਤੋਂ ਪਹਿਲਾਂ, ਤੁਸੀਂ ਸਦਾ ਇਹ ਪਤਾ ਕਰੋ ਕਿ ਉਹਨਾਂ ਦੇ ਦਫ਼ਤਰ ਤਕ ਪਹੁੰਚ ਕਰਨਾ ਕਿੰਨਾ ਕੁ ਸੌਖਾ ਹੈ, ਅਤੇ ਕਾਨੂੰਨ ਦੇ ਇਸ ਖ਼ਾਸ ਖੇਤਰ ਵਿਚ ਉਸ ਫ਼ਰਮ ਦਾ ਕਿੰਨਾ ਕੁ ਤਜਰਬਾ ਹੈ। ਪਰ ਸਿਰਫ਼ ਖ਼ਰਚ ਬਾਰੇ ਹੀ ਨਹੀਂ ਸੋਚਣਾ ਚਾਹੀਦਾ। ਉਂਨਾ ਹੀ ਜ਼ਰੂਰੀ ਅਜਿਹਾ ਸੋਲਿਸਟਰ ਲੱਭਣਾ ਵੀ ਹੈ ਜਿਹਦੇ ਤਕ ਪਹੁੰਚ ਕਰਨਾ ਸੌਖਾ ਹੋਵੇ ਅਤੇ ਜਿਹਦੀ ਸਲਾਹ ਤੁਹਾਨੂੰ ਸਮਝ ਆ ਜਾਏ।

## ਵਧੇਰੇ ਜਾਣਕਾਰੀ

ਇਹ ਪਰਚਾ ਸੋਲਿਸਟਰਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਆਮ ਕਾਨੂੰਨੀ ਸੇਵਾਵਾਂ ਬਾਰੇ ਪਰਚਿਆਂ ਦੀ ਲੜੀ ਵਿਚੋਂ ਇਕ ਪਰਚਾ ਹੈ। ਇਸ ਲੜੀ ਦੇ ਹੋਰ ਪਰਚਿਆਂ ਦੀ ਲਿਸਟ ਹੇਠਾਂ ਦਿੱਤੀ ਗਈ ਹੈ। ਇਹ ਪਰਚੇ ਤੁਸੀਂ ਆਪਣੇ ਸੋਲਿਸਟਰ ਤੋਂ ਲੈ ਸਕਦੇ ਹੋ ਜਾਂ ਲਾਅ ਸੁਸਾਇਟੀ ਨੂੰ ਫ਼ੋਨ ਨੰਬਰ 0870 3333 084 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।

- ਵਸੀਅਤ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ
- ਘਰ ਖ਼ਰੀਦਣ ਬਾਰੇ ਤੁਹਾਡੇ ਲਈ ਜਾਣਕਾਰੀ
- ਤਲਾਕ ਲੈਣ ਬਾਰੇ ਤੁਹਾਡੇ ਲਈ ਜਾਣਕਾਰੀ
- ਕੰਮ 'ਤੇ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਤੁਹਾਡੇ ਲਈ ਜਾਣਕਾਰੀ
- ਕਾਰੋਬਾਰ ਸ਼ੁਰੂ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ
- ਨਿਜੀ ਸੱਟ ਚੋਟ ਦਾ ਮੁਆਵਜ਼ਾ ਮੰਗਣ ਬਾਰੇ ਤੁਹਾਡੇ ਲਈ ਜਾਣਕਾਰੀ
- ਆਪਣੇ ਸਾਥੀ/ਸਾਥਣ ਨਾਲ ਘਰ ਬਾਰ ਬਣਾਉਣ ਬਾਰੇ ਤੁਹਾਡੇ ਲਈ ਜਾਣਕਾਰੀ
- ਆਪਣਾ ਮਕਾਨ ਕਿਰਾਏ 'ਤੇ ਦੇਣ ਬਾਰੇ ਤੁਹਾਡੇ ਲਈ ਜਾਣਕਾਰੀ
- ਘਰ ਕਿਰਾਏ 'ਤੇ ਲੈਣ ਬਾਰੇ ਤੁਹਾਡੇ ਲਈ ਜਾਣਕਾਰੀ
- ਸੋਲਿਸਟਰ ਦੀ ਵਰਤੋਂ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ
- ਪ੍ਰੋਬੇਟ (ਵਸੀਅਤ ਦੀ ਸਰਕਾਰੀ ਤਸਦੀਕ) ਬਾਰੇ ਤੁਹਾਡੇ ਲਈ ਜਾਣਕਾਰੀ
- ਅਸਾਈਲਮ (ਪਨਾਹ) ਲਈ ਅਰਜ਼ੀ ਦੇਣ ਬਾਰੇ ਤੁਹਾਡੇ ਲਈ ਜਾਣਕਾਰੀ

**ਇਹ ਪਰਚਾ ਤੁਸੀਂ ਵੱਡੇ ਅੱਖਰਾਂ ਜਾਂ ਬ੍ਰੇਲ ਵਿਚ, ਸੁਣਨ ਵਾਲੀ ਟੇਪ 'ਤੇ ਅਤੇ ਸੀ ਡੀ 'ਤੇ ਵੀ ਮੰਗਵਾ ਸਕਦੇ ਹੋ। ਜੇ ਇਹ ਪਰਚਾ ਤੁਹਾਨੂੰ ਇਹਨਾਂ ਵਿਚੋਂ ਕਿਸੇ ਵੀ ਰੂਪ ਵਿਚ ਚਾਹੀਦਾ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਇਸ ਈਮੇਲ ਪਤੇ 'ਤੇ ਸੰਪਰਕ ਕਰੋ accessibility@lawsociety.org.uk ਜਾਂ ਸਾਨੂੰ ਨੰਬਰ 0870 606 2555 'ਤੇ ਫ਼ੋਨ ਕਰੋ।**

**ਇਹ ਪਰਚਾ ਤੁਸੀਂ ਵੱਖ ਵੱਖ ਭਾਸ਼ਾਵਾਂ ਵਿਚ ਵੀ ਪੜ੍ਹ ਸਕਦੇ ਹੋ। ਇਹਦੇ ਲਈ ਤੁਸੀਂ ਸਾਡੀ ਇਸ ਵੈੱਬਸਾਈਟ 'ਤੇ ਜਾਓ - www.lawsociety.org.uk.**

Lexcel

Look for Lexcel - the mark of excellence

The Law Society 113 Chancery Lane London WC2A 1PL ਫ਼ੋਨ - 020 7242 1222 www.lawsociety.org.uk

ਭਾਵੇਂ ਅਸੀਂ ਸਹੀ ਜਾਣਕਾਰੀ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਹੈ, ਪਰ ਕਾਨੂੰਨ ਸਦਾ ਬਦਲਦਾ ਰਹਿੰਦਾ ਹੈ, ਅਤੇ ਇਹਦਾ ਅਸਰ ਹਰ ਵਿਅਕਤੀ 'ਤੇ ਵੱਖ ਵੱਖ ਤਰ੍ਹਾਂ ਪੈਂਦਾ ਹੈ। ਇਹ ਪਰਚਾ ਤੁਹਾਡੇ ਬਾਰੇ ਖ਼ਾਸ ਨਿਜੀ ਸਲਾਹ ਦੀ ਥਾਂ ਨਹੀਂ ਲੈ ਸਕਦਾ, ਅਤੇ ਜੇ ਤੁਸੀਂ ਇਸ ਪਰਚੇ 'ਤੇ ਹੀ ਨਿਰਭਰ ਰਹੋ, ਤਾਂ ਅਸੀਂ ਤੁਹਾਡੇ ਲਈ ਜ਼ਿੰਮੇਦਾਰ ਨਹੀਂ ਹੋਵਾਂਗੇ।

Designed by dmlmarketing.co.uk Version 2, 2007 Your guide to financial matters for the elderly - Punjabi